ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ।
ਈ-ਬਲਾਕ, ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੁਹਾਲੀ)।
ਫੋਨ ਨੰ: 0172-5212322, E_mail: civilworks.punjab@gmail.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ)
ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2020/282207
ਮਿਤੀ : 09-11-2020

ਵਿਸ਼ਾ: ਨਬਾਰਡ ਪ੍ਰੋਜੈਕਟ RIDF-XXVI ਅਧੀਨ ਪ੍ਰਵਾਨ ਹੋਏ 1662 ਕਲਾਸਰੂਮਾਂ ਵਿੱਚੋਂ 643 ਕਲਾਸਰੂਮਾਂ ਲਈ ਰਾਸ਼ੀ ਜਾਰੀ ਕਰਨ ਸਬੰਧੀ।

ਉਕਤ ਵਿਸ਼ੇ ਸਬੰਧੀ ਨਾਬਾਰਡ ਪ੍ਰੋਜੈਕਟ RIDF-XXVI ਅਧੀਨ ਪ੍ਰਵਾਨ ਹੋਏ 643 ਕਲਾਸਰੂਮਾਂ ਲਈ ਵਿੱਤ ਸ਼ਾਖਾ ਵੱਲੋਂ ਫੰਡਜ ਭੇਜ ਦਿੱਤੇ ਗਏ ਹਨ, ਜਿਨ੍ਹਾਂ ਦੀ ਜਿਲ੍ਹੇਵਾਰ ਸੂਚਨਾਂ ਹੇਠ ਲਿਖੇ ਅਨੁਸਾਰ ਹੈ (ਸਕੂਲ ਵਾਈਜ਼ ਸੂਚਨਾ ਨਾਲ ਨੱਥੀ ਹੈ):-

(Financial fig. in Lacs)

| S.No. | District | Grant received from treasury (Bill 1) | Grant received from treasury (Bill 2) | Total Grant received from treasury | No. of Schools | No. of ACR for which grant is being released | Funds released @ 2.00 lacs | Balance with district (in lacs) |
|---|---|---|---|---|---|---|---|---|
| 1 | AMRITSAR | 68.9 | 39.43 | 108.33 | 54 | 54 | 108.00 | 0.33 |
| 2 | BARNALA | 31.8 | 0 | 31.8 | 15 | 15 | 30.00 | 1.8 |
| 3 | BATHINDA | 42.4 | 13.4 | 55.8 | 27 | 27 | 54.00 | 1.8 |
| 4 | FARIDKOT | 21.2 | 24.07 | 45.27 | 20 | 22 | 44.00 | 1.27 |
| 5 | FATEHGARH SAHIB | 34.45 | 0 | 34.45 | 17 | 17 | 34.00 | 0.45 |
| 6 | FAZILKA | 31.8 | 88.59 | 120.39 | 60 | 60 | 120.00 | 0.39 |
| 7 | FEROZEPUR | 68.9 | 24.16 | 93.06 | 42 | 46 | 92.00 | 1.06 |
| 8 | GURDASPUR | 26.5 | 49.81 | 76.31 | 38 | 38 | 76.00 | 0.31 |
| 9 | HOSHIARPUR | 23.85 | 0 | 23.85 | 11 | 11 | 22.00 | 1.85 |
| 10 | JALANDHAR | 23.85 | 11.64 | 35.49 | 17 | 17 | 34.00 | 1.49 |
| 11 | KAPURTHALA | 37.1 | 19.04 | 56.14 | 26 | 28 | 56.00 | 0.14 |
| 12 | LUDHIANA | 49.87 | 0 | 49.87 | 18 | 24 | 48.00 | 1.87 |
| 13 | MANSA | 50.35 | 7.47 | 57.82 | 28 | 28 | 56.00 | 1.82 |
| 14 | MOGA | 29.15 | 19.04 | 48.19 | 24 | 24 | 48.00 | 0.19 |
| 15 | SRI MUKTSAR SAHIB | 13.25 | 0 | 13.25 | 6 | 6 | 12.00 | 1.25 |
| 16 | PATHANKOT | 26.5 | 0 | 26.5 | 13 | 13 | 26.00 | 0.5 |
| 17 | PATIALA | 55.65 | 0 | 55.65 | 23 | 27 | 54.00 | 1.65 |
| 18 | ROOPNAGAR | 29.15 | 0 | 29.15 | 14 | 14 | 28.00 | 1.15 |
| 19 | SANGRUR | 132.5 | 0 | 132.5 | 66 | 66 | 132.00 | 0.5 |
| 20 | SAS NAGAR | 172.952 | 0 | 172.952 | 15 | 15 | 30.00 | 142.952 |
| 21 | SBS Nagar | 13.25 | 0 | 13.25 | 6 | 6 | 12.00 | 1.25 |
| 22 | TARN TARAN | 50.35 | 119.84 | 170.19 | 80 | 85 | 170.00 | 0.19 |
| Total | | 1033.722 | 416.49 | 1450.212 | 620 | 643 | 1286.00 | 164.212 |

Scanned with CamScanner

ਹਦਾਇਤਾਂ

- ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਿਆ ਵੱਲੋਂ ਸਮੇਂ ਸਿਰ ਵਿਭਾਗੀ ਗ੍ਰਾਂਟ ਸਕੂਲਾਂ ਨੂੰ ਜਾਰੀ ਨਹੀਂ ਕੀਤੀ ਜਾਂਦੀ ਜਿਸ ਨਾਲ ਸਕੂਲਾਂ ਦੇ ਵਿੱਚ ਉਸਾਰੀ ਦੇ ਕੰਮ ਵਿੱਚ ਦੇਰੀ ਹੁੰਦੀ ਹੈ। ਫੰਡਾਂ ਨੂੰ ਜਾਰੀ ਕਰਨ ਵਿੱਚ ਦੇਰੀ ਵਿੱਤੀ ਨਿਯਮਾਂ ਦੀ ਉਲੰਘਣਾ ਹੈ, ਇਸ ਲਈ ਵਿੱਤੀ ਅੜਚਣਾਂ ਤੋਂ ਬਚਦੇ ਹੋਏ ਸਬੰਧਤ ਸਕੂਲਾਂ ਨੂੰ ਗ੍ਰਾਂਟ ਜਾਰੀ ਕਰਨ ਉਪਰੰਤ ਮੁੱਖ ਦਫਤਰ ਨੂੰ ਜਾਣੂ ਕਰਵਾਉਣਾ ਲਾਜਮੀ ਬਣਾਇਆ ਜਾਵੇ। ਇਹ ਗ੍ਰਾਂਟਾਂ ਪ੍ਰਾਪਤ ਹੋਣ ਤੇ ਤੁਰੰਤ ਸਕੂਲਾਂ ਨੂੰ ਟ੍ਰਾਂਸਫਰ ਕੀਤੀਆਂ ਜਾਣ।
- ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਫੰਡ ਜਿਸ ਮਕਸਦ ਅਤੇ ਜਿਸ ਸਕੂਲ ਲਈ ਜਾਰੀ ਕੀਤੇ ਗਏ ਹਨ ਉਸੇ ਸਕੂਲ/ਕੰਮ ਲਈ ਹੀ ਖਰਚੇ ਜਾਣ। ਖਰਚ ਕਰਨ ਸਮੇਂ ਵਿੱਤੀ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਫੰਡ ਖਰਚ ਕਰਨ ਉਪਰੰਤ ਉਸ ਦਾ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ।
- ਕਲਾਸਰੂਮਾਂ ਦੀ ਉਸਾਰੀ ਲਈ ਨਬਾਰਡ XXVI ਅਧੀਨ ਬਤੌਰ ਪਹਿਲੀ ਕਿਸ਼ਤ ਵਜੋਂ 2.00 ਲੱਖ ਰੁਪਏ ਪ੍ਰਤੀ ਕਲਾਸਰੂਮ ਦੀ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ।
- ਕਲਾਸਰੂਮਾਂ ਦੀ ਉਸਾਰੀ ਦੀਆਂ ਸਪੈਸੀਫਿਕੇਸ਼ਨ ਨਾਲ ਨੱਥੀ ਹਨ।
- ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
- 

**ਸਹਾਇਕ ਡਾਇਰੈਕਟਰ (ਈ.ਐਂਡ.ਆਈ)**
**ਪੰਜਾਬ।**

**ਪਿੱਠ ਅੰਕਣ ਨੰ. ਸਸਅ/ਸਿ.ਵ/2020/** 28207 **ਮਿਤੀ :** 09-11-2020

ਉਪਰੋਕਤ ਦਾ ਉਤਾਰਾ ਸਬੰਧਤ ਜਿਲ੍ਹਿਆਂ ਦੇ ਜੇ.ਈ. ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

**ਸਹਾਇਕ ਡਾਇਰੈਕਟਰ (ਈ.ਐਂਡ.ਆਈ)**
**ਪੰਜਾਬ।**

Scanned with CamScanner

# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਪੰਜਵੀਂ ਮੰਜਿਲ, ਬਲਾਕ-ਈ, ਫੇਜ 8, ਅਜੀਤਗੜ੍ਹ (ਮੋਹਾਲੀ)।

---

## Specification

ਨਬਾਰਡ RIDF XXVI 2020-21 ਦੇ ਪ੍ਰੋਜੈਕਟ ਅਧੀਨ ਪ੍ਰਵਾਨ ਹੋਏ ਵਾਧੂ ਕਲਾਸ ਰੂਮਾਂ ਦੇ ਉਸਾਰੀ ਦੇ ਕੰਮਾਂ ਲਈ ਜਾਰੀ ਕੀਤੀ ਰਾਸ਼ੀ ਹੇਠ ਅਨੁਸਾਰ ਵਰਤੀ ਜਾਵੇ।

1. **ਅਡੀਸ਼ਨਲ ਕਲਾਸ ਰੂਮ (ਸਮੱਗਰਾ ਅਤੇ ਨਬਾਰਡ)**

ਕੁੱਲ ਏਰੀਆ 749.00 ਵਰਗ ਫੁੱਟ

ਅੰਦਰੂਨੀ ਸਾਈਜ਼ 25'-0" x 20'-0"

ਵਰਾਂਡਾ 6'-0" (ਬਾਹਰੀ)

(i) 40 ਵਿਦਿਆਰਥੀਆਂ ਲਈ 20 ਡਿਊਲ ਡੈਸਕ।

(ii) 01 ਟੀਚਰ ਚੇਅਰ, 01 ਟੀਚਰ ਟੇਬਲ ਅਤੇ 01 ਲੈਕਚਰ ਸਟੈਂਡ

(iii) 01 ਪ੍ਰੋਜੈਕਟਰ, 01 ਸੀ.ਪੀ.ਯੂ (ਕੰਪਿਊਟਰ), 01 ਵਾਈਟ ਰਾਈਟਿੰਗ ਬੋਰਡ (Ceramic Steal), 01 ਸਪੀਕਰ ਅਤੇ ਇਲੈਕਟਰੀਕਲ ਵਾਈਰਿੰਗ।

2. ਨੀਹਾਂ ਦੀ ਪੁਟਾਈ

ਨੀਹਾਂ ਦੀ ਪੁਟਾਈ ਤਿੰਨ ਫੁੱਟ ਚੌੜੀ ਅਤੇ ਜ਼ਮੀਨ ਲੈਵਲ ਤੋਂ ਤਿੰਨ ਫੁੱਟ ਡੂੰਘੀ ਕੀਤੀ ਜਾਵੇ। ਵਰਾਂਡੇ ਦੀਆਂ ਕੰਧਾਂ ਦੀ ਪੁਟਾਈ ਡੇਢ ਫੁੱਟ ਚੌੜੀ ਅਤੇ ਡੇਢ ਫੁੱਟ ਡੂੰਘੀ ਕੀਤੀ ਜਾਵੇ। ਵਰਾਂਡੇ ਦੇ ਆਰ ਸੀ.ਸੀ . ਕਾਲਮ ਦੀ ਪੁਟਾਈ 4.5 x 4.5 ਫੁੱਟ ਚੌੜੀ ਅਤੇ 3 ਫੁੱਟ ਡੂੰਘੀ ਪੁੱਟੀ ਜਾਵੇ। ਜੇ ਹੇਠਲੀ ਜਮੀਨ ਭਰਤੀ ਵਾਲੀ ਹੋਵੇ ਤਾਂ ਡੂੰਘਾਈ ਵੱਧ ਕੀਤੀ ਜਾਵੇ ਅਤੇ ਨੀਂਹ ਸਖਤ ਜਗ੍ਹਾ ਤੇ ਹੀ ਰੱਖੀ ਜਾਵੇ।

3. **ਸੀਮਿੰਟ ਕੰਕਰੀਟ 1:8:16**

ਕਮਰੇ ਦੀਆਂ ਦੀਵਾਰਾਂ ਅਤੇ ਕਾਲਮਾਂ ਥੱਲੇ 9 ਇੰਚ ਮੋਟੀ ਕੰਕਰੀਟ 1:8:16 ਦੀ ਰੇਸ਼ੋ ਵਿੱਚ ਇੱਕ ਹਿੱਸਾ ਸੀਮਿੰਟ, 8 ਹਿੱਸੇ ਰੇਤਾ ਅਤੇ 16 ਹਿੱਸੇ 40 mm ਗੇਜ ਪੱਥਰ (ਗਟਕਾ) ਰਲਾ ਕੇ ਪਾਈ ਜਾਵੇ ਅਤੇ ਚੰਗੀ ਤਰ੍ਹਾਂ ਦੁਰਮਟ ਨਾਲ ਕੁਟਾਈ ਕੀਤੀ ਜਾਵੇ। ਸਾਰੇ ਕੰਮ ਆਈ.ਐਸ.ਆਈ. ਮਾਰਕਾ ਸੀਮਿੰਟ ਦੀ ਵਰਤੋਂ ਕੀਤੀ ਜਾਵੇ। ਵਾਟਰ ਲੈਵਲ ਕਰਕੇ ਰੋੜੀ ਦਾ ਲੈਵਲ ਸਮਤਲ ਕੀਤਾ ਜਾਵੇ। ਇਹ ਸੀਮਿੰਟ ਕੰਕਰੀਟ 2 ਤੈਹਾਂ ਵਿਚ ਪਾਉਣੀ ਹੈ। ਕੰਕਰੀਟ ਦੀ ਮਿਕਸਿੰਗ ਬਾਹਰ ਕਰਕੇ ਨੀਹਾਂ ਵਿੱਚ ਪਾਈ ਜਾਵੇ।

4. ਨੀਹਾਂ ਵਿੱਚ ਇੱਟਾਂ ਦੀ ਚਿਣਾਈ

ਨੀਹਾਂ ਵਿੱਚ 1:7 ਸੀਮਿੰਟ, ਰੇਤ, ਮਸਾਲੇ ਨਾਲ ਇੱਟਾਂ ਦੀ ਚਿਣਾਈ ਡੀ.ਪੀ.ਸੀ ਬੀਮ ਤੱਕ ਅਤੇ ਉਸ ਤੋਂ ਉਪਰ 1:6 ਮਸਾਲੇ ਵਿੱਚ ਕੀਤੀ ਜਾਵੇ ਅਤੇ ਸਿਰਫ ਅੱਵਲ ਦਰਜੇ ਦੀਆਂ ਇੱਟਾਂ ਹੀ ਵਰਤੀਆਂ ਜਾਣ ਜਿਨ੍ਹਾਂ ਦੀ ਕੰਪਰੈਸਿਵ ਸਟ੍ਰੈਂਥ 105 ਕਿੱਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਹੋਣੀ ਚਾਹੀਦੀ ਹੈ। ਇੱਟਾਂ ਵਰਤਣ ਤੋਂ ਪਹਿਲਾਂ ਉਨ੍ਹਾਂ ਦੀ ਚੰਗੀ ਤਰ੍ਹਾਂ ਤਰਾਈ ਕੀਤੀ ਜਾਵੇ ਅਤੇ ਬਾਅਦ ਵਿੱਚ ਵੀ ਤਰਾਈ ਦਾ ਧਿਆਨ ਰੱਖਿਆ ਜਾਵੇ। ਚਿਣਾਈ ਵਿੱਚ ਤਿੰਨ ਇੱਟਾਂ ਦਾ ਇੱਕ ਇੱਕ ਰਦਾ, ਢਾਈ ਇੱਟ ਦਾ ਇੱਕ ਰਦਾ, ਦੋ ਇੱਟਾਂ ਦੇ ਦੋ ਰਦੇ, ਡੇਢ ਇੱਟ ਦੇ ਦੋ ਰਦੇ ਅਤੇ ਬਾਕੀ 9 ਇੰਚ ਦੀ ਚਿਣਾਈ ਕੀਤੀ ਜਾਵੇ। ਇੱਟ ਦੀ ਕਿਸਤੀ ਉਪਰ ਵੱਲ ਰੱਖੀ ਜਾਵੇ ਤਾਂ ਜੋ ਮਸਾਲੇ ਨਾਲ ਚੰਗੀ ਤਰ੍ਹਾਂ ਭਰੀ ਜਾ ਸਕੇ।

Scanned with CamScanner

**5. ਆਰ.ਸੀ.ਸੀ ਕਾਲਮ**

1:1 ½ :3 ਰੇਸ਼ੋ ਵਿੱਚ ਆਰ.ਸੀ.ਸੀ ਕਾਲਮ (C1) ਨਕਸ਼ੇ ਮੁਤਾਬਿਕ ਪੰਜ ਸੂਤ ਦੇ ਚਾਰ ਸਰੀਏ ਮੇਨ ਅਤੇ 2 1/2 ਸੂਤ ਦੇ ਰਿੰਗ 8" ਸੈਂਟਰ ਤੋਂ ਸੈਂਟਰ ਅਤੇ ਹੇਠਾਂ ਤਿੰਨ ਸੂਤ ਦੇ ਸਰੀਏ 8 ਇੰਚ ਸੈਂਟਰ ਤੋਂ ਸੈਂਟਰ ਦੋਵੇਂ ਪਾਸੇ ਜਾਲ ਪਾ ਕੇ 4'x4' ਫੁੱਟ ਦੀ ਚੌਕੀ ਬਣਾ ਕੇ ਭਰੇ ਜਾਣ। ਆਈ.ਐਸ.ਆਈ. ਮਾਰਕ ਯੁਕਤ ਸਟੀਲ (Tata Steel or equivalent brand) ਦੀ ਹੀ ਵਰਤੋਂ ਕੀਤੀ ਜਾਵੇ। ਕਾਲਮ ਗੋਲਾਕਾਰ ਵੀ ਬਣਾਏ ਜਾ ਸਕਦੇ ਹਨ। ਸੀਮਿੰਟ ਕੰਕਰੀਟ ਵਿੱਚ ਪਾਣੀ ਪਾਉਣ ਤੋਂ 30 ਮਿੰਟਾਂ ਦੇ ਅੰਦਰ-ਅੰਦਰ ਕੰਕਰੀਟ ਲੇਅ ਕਰ ਦਿੱਤੀ ਜਾਵੇ। ਸਰੀਆ ਟੀ.ਐਮ.ਟੀ ਆਈ.ਐਸ.ਆਈ ਮਾਰਕਾ ਹੋਵੇ। ਇੱਟਾਂ ਜਾਂ ਫੱਟਿਆਂ ਦੀ ਕੱਚੀ ਸ਼ਟਰਿੰਗ ਦੀ ਵਰਤੋਂ ਨਾ ਕੀਤੀ ਜਾਵੇ ਕੇਵਲ ਸਟੀਲ ਸ਼ਟਰਿੰਗ ਦੀ ਵਰਤੋਂ ਕੀਤੀ ਜਾਵੇ।

**6. ਫਰਸ਼ ਲੈਵਲ ਬੀਮ ( Plinth Beam 9"x9"):**

ਸਾਰੀਆਂ ਕੰਧਾਂ ਉੱਪਰ ਆਰ.ਸੀ.ਸੀ 1:2:4 ਬੀਮ 4 ਸਰੀਏ 12mm ਅਤੇ ਰਿੰਗ 8mm, 6 ਇੰਚ ਸੈਂਟਰ ਤੋਂ ਸੈਂਟਰ ਵਾਟਰ ਪਰੂਫ ਕੰਪਾਊਂਡ ਪਾ ਕੇ ਬੀਮ ਪਾਈ ਜਾਵੇ। ਦੋਨੋਂ ਦਰਵਾਜ਼ਿਆਂ ਦੇ ਥੱਲੇ ਇਸਦਾ ਲੈਵਲ ਡੇਢ ਇੰਚ ਘੱਟ ਰੱਖਿਆ ਜਾਵੇ।

**7. ਦਰਵਾਜ਼ਿਆਂ ਅਤੇ ਖਿੜਕਿਆਂ ਦੀਆਂ ਚੌਖਟਾਂ**

ਇਹ ਸੀ.ਆਰ.ਸੀ. ਸੀਟ (steel) 18 guage ਸਮੇਤ ਬੈਰੇ, ਕਬਜੇ ਸਿੰਗਲ ਰਿਬੇਟ ਦੀਆਂ ਤਿਆਰ ਕਰਵਾਈਆਂ ਜਾਣ ਅਤੇ ਫਿਕਸ ਕਰਨ ਤੋਂ ਪਹਿਲਾਂ ਉਹਨਾਂ ਵਿੱਚ 1:3:6 ਕੰਕਰੀਟ ਭਰੀ ਜਾਵੇ। ਗਰਿੱਲਾਂ ਐਮ.ਐਸ. ਚੌਰਸ ਸਰੀਆ 12mm ਅਤੇ ਫਰੇਮ 20 mm x 5mm ਮੋਟੀ ਫਲੈਟ ਦੀ ਹੋਵੇ ਅਤੇ ਇਹ ਚੌਖਟਾਂ ਦੇ ਨਾਲ ਹੀ ਵੈਲਡ ਕੀਤੀ ਜਾਵੇ। ਚੋਗਾਠ ਦਾ ਸਾਈਜ਼ 151 mm x 60mm ਹੋਵੇਗਾ।ਇਹ ਚੁਗਾਠਾਂ ਸਿੰਗਲ ਰਬੇਟ ਦੀਆਂ ਹੋਣਗੀਆਂ ਚੁਗਾਠਾਂ ਦਾ ਕੋਈ ਹਿੱਸਾ ਸੀਮਿੰਟ ਕੰਕਰੀਟ ਤੋਂ ਖਾਲੀ ਨਹੀਂ ਹੋਣਾ ਚਾਹੀਦਾ। ਨੱਥੀ ਡਰਾਇੰਗ ਅਨੁਸਾਰ ਪਿਛਲੀ ਖਿੜਕੀ ਦਾ ਭਾਰ 107 ਕਿਲੋ ਅਤੇ ਅਗਲੀ ਖਿੜਕੀ ਦਾ ਭਾਰ 78 ਕਿਲੋ ਅਤੇ ਦਰਵਾਜੇ ਦਾ ਭਾਰ 30 ਕਿਲੋ ਹੋਵੇਗਾ।ਅੰਡਰ ਸਾਈਜ, ਅੰਡਰ ਵੇਟ ਖਿੜਕੀਆਂ ਲਗਾਉਣ ਦੀ ਇਜ਼ਾਜ਼ਤ ਨਹੀਂ ਹੈ ਅਜਿਹੀ ਸੂਰਤ ਵਿੱਚ ਸਕੱਤਰ ਦੇ ਖਰਚੇ ਤੇ ਇਹ ਤਬਦੀਲੀ ਕੀਤੀ ਜਾਵੇ ਦਰਵਾਜੇ ਅਤੇ ਖਿੜਕੀਆਂ ਦੀ ਡਰਾਇੰਗ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ।

**8. ਫਰਸ਼ ਲੈਵਲ ਤੋਂ ਉਪੱਰ ਇੱਟਾਂ ਦੀ ਚਿਣਾਈ**

ਆਰ.ਸੀ.ਸੀ ਪਲਿੰਥ ਬੀਮ ਪਾ ਕੇ ਉਸ ਉੱਪਰ ਇੱਟਾਂ ਦੀ ਚਿਣਾਈ 1:6 ਮਸਾਲੇ ਵਿੱਚ ਫਰਸ਼ ਤੋਂ 10 ਫੁੱਟ 6 ਇੰਚ ਕੀਤੀ ਜਾਵੇ। ਛੱਤ ਤੋਂ ਪਿੱਛੋਂ ਆਰ.ਬੀ.ਸੀ ਉੱਪਰ ਡੇਢ ਫੁੱਟ ਉੱਚਾ ਪੈਰਾਪਿਟ ( ਬਨੇਰਾ ) ਬਣਾਇਆ ਜਾਵੇ।

**9. ਆਰ.ਸੀ.ਸੀ ਲਿੰਟਲ ਸੈਕਸ਼ਨ (Door window level 8'-3")**

ਸਾਰੀਆਂ ਦੀਵਾਰਾਂ ਤੇ ਚਾਰੇ ਪਾਸੇ ਦੀਵਾਰਾਂ ਉੱਪਰ 9"x9" ਦਾ ਬੀਮ 12mm ਦੇ ਚਾਰ ਸਰੀਏ ਅਤੇ ਰਿੰਗ 8mm ਦੇ 6" C/c ਤੇ ਪਾਏ ਜਾਣ। ਵਰਾਂਡੇ ਵਿੱਚ 9"x12" ਆਰ.ਸੀ.ਸੀ ਬੀਮ ਨਕਸ਼ੇ ਮੁਤਾਬਿਕ ਸਰੀਆ ਬੰਨ੍ਹ ਕੇ $1:1^{1/2}:3$ ਸੀਮਿੰਟ ਕੰਕਰੀਟ ਪਾਈ ਜਾਵੇ।ਖਿੜਕੀਆਂ ਦੇ ਲਿੰਟਲ ਵਿੱਚ 2 ਸਰੀਏ 4 ਸੂਤ ਦੇ ਵਾਧੂ ਕਰੈਂਕ ਬਣਾਕੇ ਦਰਵਾਜੇ ਵਿੱਚ ਇੱਕ ਸਰੀਆ 12mm ਦਾ ਵਾਧੂ ਕਰੈਂਕ ਬਣਾ ਕੇ ਅਤੇ ਵਰਾਂਡੇ ਦੇ ਲਿੰਟਲ ਵਿੱਚ 16mm ਦੇ 5 ਹੇਠਾਂ ਜਿੰਨਾਂ ਵਿੱਚ 2 ਕਰੈਂਕ ਅਤੇ ਉੱਪਰ 12mm ਦੇ ਦੋ ਸਰੀਏ ਨਕਸ਼ੇ ਮੁਤਾਬਿਕ ਪਾਏ ਜਾਣ। ਰਿੰਗ 2 ਸੂਤ ਸਰੀਏ ਦੇ 6 ਇੰਚ ਸੈਂਟਰ ਤੋਂ ਸੈਂਟਰ ਪਾਇਆ ਜਾਵੇ। ਨਕਸ਼ੇ ਮੁਤਾਬਿਕ ਸਰੀਏ ਕਰੈਂਕ ਕਰਕੇ

Scanned with CamScanner

ਪਾਏ ਜਾਣ। ਖਿੜਕੀਆਂ ਦੇ ਛੱਝੇ (ਸਨਸੇਂਡ) ਵਾਸਤੇ ਸਰੀਆ ਨਕਸ਼ੇ ਅਨੁਸਾਰ ਬੀਮ ਵਿੱਚੋਂ ਹੀ ਬਾਹਰ ਵਧਾਇਆ ਜਾਵੇ। ਸਨਸੇਂਡ ਦੀ ਕੰਕਰੀਟ ਬੀਮ ਦੇ ਨਾਲ ਹੀ ਭਰੀ ਜਾਵੇ ਅਤੇ ਸੇਡ ਦਾ ਸਾਈਜ਼ 7 ਫੁੱਟ 6 ਇੰਚ x 1 ਫੁੱਟ 6 ਇੰਚ x ਸਾਢੇ 4 ਇੰਚ ਹੋਣਾ ਚਾਹੀਦਾ ਹੈ।

**10. ਬਜਰੀ ਅਤੇ ਰੇਤਾ**

ਕੰਕਰੀਟ ਵਿੱਚ ਬਜਰੀ ½ ਇੰਚ ਅਤੇ 3/8 ਇੰਚ ਮਿਕਸ ਕਰਕੇ ਵਰਤੀ ਜਾਵੇ। ਰੇਤਾ ਸੀਮਿੰਟ ਕੰਕਰੀਟ ਵਿੱਚ ਪਠਾਨਕੋਟ ਸੈਂਡ ਅਤੇ ਚਿਨਾਈ/ਪਲਸਤਰ ਵਿੱਚ ਨਹਿਰੀ/ ਦਰਿਆਈ ਰੇਤੇ ਦੀ ਵਰਤੋਂ ਕੀਤੀ ਜਾਵੇ।

**11. ਦੀਵਾਰਾਂ ਦੇ ਉੱਪਰ ਪਲਾਸਟਰ ਕਰਨਾ**

ਸਲੈਬ ਪਾਉਣ ਤੋਂ ਪਹਿਲਾਂ ਕੰਧਾਂ ਉੱਪਰ 10mm ਮੋਟਾ 1:3 ਸੀਮਿੰਟ ਰੇਸ਼ੋ ਵਿੱਚ ਪਲਸਤਰ ਕੀਤਾ ਜਾਵੇ।

**12. ਆਰ.ਸੀ.ਸੀ ਸਲੈਬ**

ਆਰ.ਸੀ.ਸੀ ਸਲੈਬ ਦੀ ਤਰਾਈ 15 ਦਿਨ ਜਰੂਰ ਕੀਤੀ ਜਾਵੇ ਅਤੇ 4-5 ਦਿਨ ਇਸ ਨੂੰ ਡਰਾਈ ਅਪ ਹੋਣ ਦਿੱਤਾ ਜਾਵੇ ਇਸ ਤਰ੍ਹਾਂ ਕੁੱਲ ਮਿਲਾ ਕੇ ਸਲੈਬ ਪੈਣ ਵਾਲੇ ਦਿਨ ਤੋਂ ਲੈ ਕੇ ਸ਼ਟਰਿੰਗ ਕਰੀਬ 21 ਦਿਨਾਂ ਤੋਂ ਪਹਿਲਾਂ ਨਾਂ ਖੋਲੀ ਜਾਵੇ। ਇਹ ਸਲੈਬ ਆਪਣੀ ਪੂਰੀ ਸਟਰੈਂਥ 28 ਦਿਨਾਂ ਵਿਚ ਫੜਦਾ ਹੈ ਇਸ ਲਈ ਸਲੈਬ ਪਾਉਣ ਵਾਲੇ ਦਿਨ ਤੋਂ ਲੈ ਕੇ 28 ਦਿਨਾਂ ਬਾਅਦ ਹੀ ਟਾਈਲ ਟਰੇਸਿੰਗ ਦਾ ਕੰਮ ਸ਼ੁਰੂ ਕੀਤਾ ਜਾਵੇ।

**13. ਛੱਤ ਦੀ ਕੰਕਰੀਟ**

ਸਰੀਆ ਬੰਨ੍ਹਣ ਦਾ ਕੰਮ ਛੱਤ ਪਾਉਣ ਤੋਂ ਇੱਕ ਦਿਨ ਪਹਿਲਾਂ ਮੁਕੰਮਲ ਕਰ ਲਿਆ ਜਾਵੇ ਅਤੇ ਕੰਕਰੀਟ 1:1½ :3 ਰੇਸ਼ੋ (ਇੱਕ ਹਿੱਸਾ ਸੀਮਿੰਟ, ਡੇਢ ਹਿੱਸਾ ਪਠਾਨਕੋਟ ਰੇਤਾ ਅਤੇ ਤਿੰਨ ਹਿੱਸੇ ਬਜਰੀ) ਵਿੱਚ ਮਿਕਸਚਰ ਨਾਲ ਪਾਈ ਜਾਵੇ।ਵਾਈਬਰੇਟਰ ਦੀ ਵਰਤੋਂ ਜ਼ਰੂਰ ਕੀਤੀ ਜਾਵੇ। ਕੰਕਰੀਟ ਵਿੱਚ ਪਾਣੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਕੰਕਰੀਟ ਦੀ ਸਲੈਬ ਲੇਅ ਕਰਨ ਦੀ ਤਾਰੀਖ ਜ਼ਰੂਰ ਲਿਖੀ ਜਾਵੇ ਅਤੇ ਇਸਦੀ ਕਿਊਰਿੰਗ (ਤਰਾਈ) ਘੱਟ ਤੋਂ ਘੱਟ ਦੋ ਹਫਤੇ ਜ਼ਰੂਰ ਕੀਤੀ ਜਾਵੇ। ਸੀਮਿੰਟ ਕੰਕਰੀਟ ਵਿੱਚ ਪਾਣੀ ਪਾਉਣ ਤੋਂ 30 ਮਿੰਟਾਂ ਦੇ ਅੰਦਰ ਅੰਦਰ ਕੰਕਰੀਟ ਲੇਅ ਕਰ ਦਿੱਤੀ ਜਾਵੇ। ਕੰਕਰੀਟ ਬੱਠਲਾ ਨਾਲ ਲੇਅ ਕੀਤੀ ਜਾਵੇ। ਰੇਹੜੀ ਦੀ ਵਰਤੋਂ ਬਿਲਕੁਲ ਨਹੀਂ ਕਰਨੀ। ਜਿਲ੍ਹੇ ਦੇ ਜੇ.ਈ ਪਾਸੋ ਚੈਕ ਕਰਵਾਕੇ ਹੀ ਸਲੈਬ ਦੀ ਕੰਕਰੀਟਿੰਗ ਸ਼ੁਰੂ ਕੀਤੀ ਜਾਵੇ।ਡਾਊਨ ਬੀਮ ਦੀ ਲਮਕ 12" ਅਤੇ ਚੌੜਾਈ 9" ਰੱਖੀ ਜਾਵੇ।

**14. ਪਲਸਤਰ ਦਾ ਕੰਮ**

ਕੰਧਾਂ ਉਪਰ ਪਲਸਤਰ ਦਾ ਕੰਮ 1:4 ਮਸਾਲੇ (1 ਸੀਮਿੰਟ, 4 ਰੇਤਾ) ਵਿੱਚ ਕੀਤਾ ਜਾਵੇ ਅਤੇ ਜਿੱਥੇ ਕੰਕਰੀਟ ਅਤੇ ਚਿਣਾਈ ਦਾ ਜੋੜ ਹੋਵੇ, ਉਥੇ ਗਰੂਵ (ਝਿਰੀ) ਜ਼ਰੂਰ ਲਾਈ ਜਾਵੇ। ਦੋ ਝਿਰੀਆਂ ਡੀ.ਪੀ.ਸੀ ਬੀਮ, ਦੋ ਝਿਰੀਆਂ ਡੋਰ ਲੈਵਲ ਬੀਮ ਅਤੇ ਦੋ ਝਿਰੀਆਂ ਸਲੈਬ ਬੀਮ ਬਿਲਡਿੰਗ ਦੇ ਬਾਹਰਵਾਰ ਮਾਰਨੀਆਂ ਹਨ।ਵਰਟੀਕਲ ਪਿੱਲਰ ਦੀਆਂ ਝਿਰੀਆਂ ਵੀ ਮਾਰੀਆਂ ਜਾਣ। ਨਹਿਰੀ/ਦਰਿਆਈ ਰੇਤਾ ਛਾਣ ਕੇ ਹੀ ਪਲਸਤਰ ਦਾ ਕੰਮ ਕੀਤਾ ਜਾਵੇ।

Scanned with CamScanner

### 15. ਟਾਈਲ ਟੈਰੇਸਿੰਗ

ਛੱਤਾਂ ਉੱਪਰ ਠੰਡੀ ਲੁੱਕ ਦੇ ਦੋ ਕੋਟ 1.65 ਕਿੱਲੋ ਪ੍ਰਤੀ ਸਕਵੇਅਰ ਮੀਟਰ ਦੇ ਹਿਸਾਬ ਨਾਲ ਕੀਤੇ ਜਾਣ ਅਤੇ 1 ਇੰਚ ਗਾਰਾ ਅਤੇ 3 ਇੰਚ ਮਿੱਟੀ ਅਤੇ ਦੂਜੀ ਲੇਅਰ 1 ਇੰਚ ਗਾਰੇ ਉੱਪਰ ਪਾ ਕੇ ਪ੍ਰੋਪਰ ਢਾਲ ਬਣਾ ਕੇ ਟਾਈਲਾਂ ਦਾ ਫਰਸ਼ ਲਾਇਆ ਜਾਵੇ।ਜੋੜ 1:4 ਮਸਾਲੇ ਨਾਲ ਭਰੇ ਜਾਣ। ਇਸ ਕੰਮ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇ। ਤਾਂ ਜੋ ਬਰਸਾਤ ਜਾਂ ਮੌਸਮ ਦੇ ਬਦਲਾਓ ਕਾਰਨ ਆਰ.ਸੀ.ਸੀ ਸਲੈਬ ਨੂੰ ਕੋਈ ਨੁਕਸਾਨ ਨਾ ਹੋਵੇ। ਪਾਣੀ ਦੀ ਢਾਲ ਮਿੱਟੀ ਵਿੱਚ ਬਣਾਈ ਜਾਵੇ ਪਰਨਾਲੇ ਵਾਲੇ ਪਾਸੇ 3 ਇੰਚ ਅਤੇ ਦੂਜੇ ਪਾਸੇ 5 ਇੰਚ ਮਿੱਟੀ ਪਾਈ ਜਾਵੇ।

### 16. ਫਰਸ਼

4 ਇੰਚ ਰੇਤਾ ਵਿਛਾ ਕੇ ਉਪਰ 4 ਇੰਚ ਕੰਕਰੀਟ 1:8:16 with 40mm guage ਗਟਕਾ ਪਾ ਕੇ 20 mm ਤੋਂ 30 mm ਮੋਟਾ 2' x 2' ਸਾਈਜ਼ ਦੇ ਕੋਟਾ ਸਟੋਨ ਦੇ ਫਰਸ਼ ਲਾਏ ਜਾਣ ਬਾਅਦ ਵਿੱਚ ਕੋਟਾ ਸਟੋਨ ਦੀ ਰਗੜਾਈ ਕਰਕੇ ਪਾਲਸ਼ ਕੀਤੀ ਜਾਵੇ। ਪੂਰੀਆਂ ਰਗੜਾਈਆਂ ਕੀਤੀਆਂ ਜਾਣ ਅਤੇ ਬਾਅਦ ਵਿੱਚ ਮੈਨਸ਼ਨ ਪਾਲੀਸ਼ ਕੀਤਾ ਜਾਵੇ ਇਹ ਫਰਸ਼ਾਂ ਦੀ ਲੁਆਈ ਦਾ ਕੰਮ ਕੇਵਲ ਪੱਥਰ ਲਗਾਉਣ ਵਾਲੇ ਮਿਸਤਰੀਆਂ ਪਾਸੋਂ ਹੀ ਕਰਵਾਈਆ ਜਾਵੇ। ਕਮਰੇ ਅਤੇ ਵਰਾਂਡੇ ਵਿਚੱ 4 ਇੰਚ ਉਚੀ 12.5mm ਮੋਟੀ ਸਕਰਟਿੰਗ ਵੀ ਲਗਾਈ ਜਾਵੇ।

### 17. ਵਾਲ ਕਲਾਇਡਿੰਗ

ਕਲਾਸਰੂਮ ਦੇ ਅੰਦਰ ਸਿੱਲ ਹਾਈਟ ਤੱਕ 1' x 1'- 6" ਸਾਈਜ਼ ਦੀ ਟਾਈਲ ਨਾਲ ਵਾਲ ਕਲਾਇਡਿੰਗ ਕੀਤੀ ਜਾਵੇ।

### 18. ਦਰਵਾਜ਼ੇ

ਦਰਵਾਜ਼ੇ 2 ਨੰਬਰ ਆਕਾਰ 3'-6" x 6'-9" ਸੋਲਿਡ ਫਲੱਸ਼ ਡੋਰ 35 ਐਮ.ਐਮ ਥਿੱਕ ਫੈਕਟਰੀ ਮੇਡ ਦੇ ਲਗਾਏ ਜਾਣ ਅਤੇ ਉੱਪਰ 1'-6" ਰੋਸ਼ਨਦਾਨ ਵਿੱਚ ਗਰਿਲ ਅਤੇ ਸ਼ੀਸ਼ਾ ਲਾਇਆ ਜਾਵੇ।

### 19. ਖਿੜਕਿਆਂ ਅਤੇ ਰੌਸ਼ਨਦਾਨ

ਐਡੀਸ਼ਨਲ ਕਲਾਸਰੂਮ ਲਈ 2 ਨੰਬਰ ਖਿੜਕਿਆਂ ਦੇ ਪਿਛਲੇ ਪਾਸੇ ਦਾ ਆਕਾਰ 6' x 5' 3" ਅਤੇ ਵਰਾਂਡੇ ਵਿੱਚ 2 ਖਿੜਕੀਆਂ 4 x 5' 3" ਆਕਾਰ ਦੀਆਂ pressed steel ਵਿੱਚ ਲੋਹੇ ਦੇ 2'x1' ਕਾਲਰ ਪਾਈਪ ਪੱਲੇ ਲਗਾਏ ਜਾਣ ਅਤੇ ਟੀ-ਸੈਕਸ਼ਨ ਵੈਲਡ ਕਰਕੇ ਸ਼ੀਸ਼ੇ ਦਾ ਸਾਇਜ਼ ਆਮ ਮੁਤਾਬਕ ਕੀਤਾ ਜਾਵੇ ਤਾਂ ਜੋ ਸ਼ੀਸ਼ੇ ਟੁੱਟਣ ਦੀ ਸੂਰਤ ਵਿੱਚ ਘੱਟ ਲਾਗਤ ਤੇ ਸ਼ੀਸ਼ਾਂ ਬਦਲਿਆ ਜਾ ਸਕੇ ਅਤੇ ਰੋਸ਼ਨੀ ਆ ਸਕੇ। ਚੋਗਾਠ ਦਾ ਸਾਈਜ਼ 151mm x 60mm ਦਾ ਹੋਵੇਗਾ ਇਹ ਚੁਗਾਠ ਸਿੰਗਲ ਰਬੇਟ ਦੀ ਹੋਵੇਗੀ ਸਕੂਲਾਂ ਵਿੱਚ ਸ਼ੀਸ਼ੇ ਆਮ ਤੌਰ ਤੇ ਟੁੱਟਦੇ ਹਨ ਇਸ ਲਈ ਖਿੜਕੀਆਂ ਦੇ ਬਾਹਰ 1'x1', 16 ਗੇਜ਼ ਦੀ ਵਿਲਡਮੈਸ਼ ਲਗਾਈ ਜਾਵੇ ਅਤੇ ਇਹ ਵਿਲਡਮੈਸ਼ ਖਿੜਕੀ ਦੀ ਚੁਗਾਠ ਅਤੇ 12.5 mm ਚੋਰਸ ਸਰੀਏ ਗਰਿੱਲ ਨਾਲ ਵਖਵਾ ਪਾ ਕੇ ਵੈਲਡ ਕੀਤੀ ਜਾਵੇ।

### 20. ਸੀ.ਆਈ.ਜਾਂ ਪੀ.ਵੀ.ਸੀ ਹੈਵੀ ਡਿਊਟੀ ਪਾਈਪ

ਛੱਤ ਤੇ ਪਾਣੀ ਦੇ ਨਿਕਾਸ ਲਈ ਦੋ 6", ਡਰਾਇਆ ਦੀਆਂ ਪੀ.ਵੀ.ਸੀ. ਪਾਈਪਾਂ (ਪਰਨਾਲਾ) ਲਗਾਈਆਂ ਜਾਣ। ਟੋਪ ਖੁਰਾ 2'x2' ਫੁੱਟ ਅਤੇ ਹੇਠਲਾ ਖੁਰਾ 4'x2' ਤੇ ਫੁੱਟ ਬਣਾਇਆ ਜਾਵੇ। ਛੱਤ ਉਪਰ

Scanned with CamScanner

ਲੁੱਕ ਪਾਉਣ ਤੋਂ ਪਹਿਲਾਂ ਪੈਰਾਪਿਟ ਦੇ ਨਾਲ-ਨਾਲ 1:2:4 ਕੰਕਰੀਟ ਦਾ 4 ਇੰਚ ਡਾਇਆ ਚੌਥਾਈ ਆਕਾਰ ਦਾ ਗੋਲਾ ਬਣਾਇਆ ਜਾਵੇ।

## 21. ਰੈਂਪ

ਰੈਂਪ ਦੀ ਚੌੜਾਈ 4 ਫੁੱਟ ਅਤੇ ਸਲੋਪ/ਢਾਲ 1:12 ਦੀ ਰੇਸ਼ੋ ਵਿੱਚ, ਹੈਂਡ ਰੇਲ 2.75 ਫੁੱਟ ਉੱਚੀ 40mm ਪਾਈਪ ਦੇ ਉੱਪਰ 40mm ਜੀ.ਆਈ ਪਾਈਪ ਡਬਲ ਰੇਲਿੰਗ ਨਕਸ਼ੇ ਮੁਤਾਬਿਕ ਅਤੇ ਫਰਸ਼ 250x250mm ਸਾਈਜ਼ ਦੀਆਂ 20mm ਮੋਟੀਆਂ ਐਂਟੀ ਸਕਿੱਡ ਟਾਈਲਾਂ ਦਾ ਲਾਇਆ ਜਾਵੇ। ਜੇਕਰ ਜ਼ਮੀਨੀ ਪੱਧਰ ਤੋਂ ਫਰਸ਼ ਦੀ ਉਚਾਈ 1 ਫੁੱਟ ਹੈ ਤਾਂ ਰੈਂਪ ਦੀ ਲੰਬਾਈ 12 ਫੁੱਟ ਹੋਵੇਗੀ ਜੇਕਰ ਫਰਸ਼ ਦੀ ਉਚਾਈ ਡੇਢ ਫੁੱਟ ਹੋਵੇਗੀ ਤਾਂ ਰੈਂਪ ਦੀ ਲੰਬਾਈ 18 ਫੁੱਟ ਹੋਵੇਗੀ।

## 22. ਆਇਅਲ ਬਾਊਂਡ ਡਿਸਟੈਂਪਰ

ਕਮਰੇ ਅੰਦਰ ਦੀਵਾਰਾਂ ਅਤੇ ਛੱਤ ਦਾ ਹੇਠਲਾ ਹਿੱਸਾ ਸਮੇਤ ਬੀਮ ਸਾਈਡ ਤੇ ਰੇਗਮਾਰ ਲਾਕੇ ਆਈ.ਐਸ.ਆਈ ਮਾਰਕਾ ਕੰਪਨੀ ਦੀ ਰੈਡੀਮੇਡ ਪੁੱਟੀ ਦੀ ਫਿਲਿੰਗ ਕਰਕੇ ਦੋ ਕੋਟ ਆਇਲ ਬਾਊਂਡ ਡਿਸਟੈਂਪਰ ਪੇਲ ਕਰੀਮ (ਆਈ.ਐਸ.ਆਈ ਮਾਰਕਾ ਕੰਪਨੀ ) ਦੇ ਕੀਤੇ ਜਾਣ।ਕਲਾਸ ਰੂਮ ਦੇ ਬਾਹਰਵਾਰ ਬੀਮ ਪੋਰਸ਼ਨ ਵਿੱਚ ਬਰਾਊਨ ਅਤੇ ਬਾਕੀ ਵਿੱਚ ਪੇਲ ਕਰੀਮ ਰੰਗ ਕੀਤਾ ਜਾਵੇ। ਦਰਵਾਜੇ ਅਤੇ ਖਿੜਕੀਆ ਦਾ ਰੰਗ ਸਮੋਗਰੇ ਜਾਂ ਗੋਲਡਨ ਬਰਾਊਨ ਕੀਤਾ ਜਾਵੇ।

## 23. ਪੇਂਟ

ਦਰਵਾਜੇ ਅਤੇ ਖਿੜਕਿਆਂ ਨੂੰ ਰੇਗਮਾਰ ਲਾ ਕੇ ਵਾਈਟ ਲੈਂਡ ਲਿਨਸੀਡ ਆਇਲ, ਵਾਰਨਿਸ਼,ਚਾਕ ਮਿੱਟੀ ਨਾਲ ਫਿਲਿੰਗ ਕਰਕੇ ਪ੍ਰਾਈਮਰ ਏਸ਼ੀਅਨ, ਨੈਰੋਲੈਕ ਆਦਿ ਕੰਪਨੀ ਦੇ ਕਰਕੇ ਆਈ.ਐਸ.ਆਈ. ਮਾਰਕਾ ਪੇਂਟ ਦੇ ਦੋ ਕੋਟ ਕੀਤੇ ਜਾਣ। ਪ੍ਰਾਈਮਰ ਕਰਨ ਤੋਂ ਪਹਿਲਾ ਦਰਵਾਜੇ ਤੇ ਪੇਂਟ ਪੁੱਟੀ ਦੀ ਵਰਤੋਂ ਕਰਕੇ ਸਰਫਿਸ ਬਿਲਕੁੱਲ ਸਮੂਥ ਕੀਤੀ ਜਾਵੇ।

## 24. ਪਲਿੰਥ ਪ੍ਰੋਟੈਕਸ਼ਨ

ਪਲਿੰਥ ਪ੍ਰੋਟੈਕਸ਼ਨ 2.50 ਫੁੱਟ ਚੌੜੀ ਪ੍ਰੀ-ਕਾਸਟ ਚੱਕਰਡ ਟਾਈਲਾਂ 20mm thick/3" thick PCC 1:1½:3 ਦੀ ਲਾਈ ਜਾਵੇ। ਟਾਈਲਾਂ ਲਾਉਣ ਤੋਂ ਪਹਿਲਾਂ ਹੇਠਾਂ ਬੇਸ ਕੋਰਸ 1:4:8 ਸੀਮਿੰਟ ਕੰਕਰੀਟ ਦਾ 4 ਇੰਚ ਮੋਟਾ ਪਾਇਆ ਜਾਵੇ।

## 25. ਖਿੜਕੀਆਂ ਦੀ ਫਿਕਸਿੰਗ

ਖਿੜਕੀਆਂ ਫਿਕਸ ਸਮੇਂ ਇਕ ਕਮਰੇ ਦੀ 12.50mm ਪਲਸਤਰ ਦਾ ਹੱਕ ਰੱਖਕੇ ਕੰਧ ਦੇ ਅੰਦਰਵਾਰ ਲਗਾਈਆਂ ਜਾਣ ਤਾਂ ਜੋ ਖਿੜਕੀ ਖੁੱਲਣ ਸਮੇਂ ਬੱਚਿਆਂ ਦੇ ਸਿਰ ਵਿੱਚ ਨਾ ਲੱਗੇ ਅਤੇ ਕਮਰੇ ਦੀ ਜਗ੍ਹਾ ਵੱਧ ਨਾ ਘੇਰੇ।

## 26. ਬਿਜਲੀ ਦੇ ਕੰਮ ਸਬੰਧੀ

ਸਲੈਬ ਅਤੇ ਦੀਵਾਰ ਵਿਚ ਕੰਡਿਊਟ ਪਾਈਪ 1.6mm, 1 ਇੰਚ ਡਾਇਆ ਦੀ ਵਰਤੋਂ ਕੀਤੀ ਜਾਵੇ।

Scanned with CamScanner

ਐਡੀਸ਼ਨਲ ਕਲਾਸਰੂਮ ਵਿੱਚ ISI ਮਾਰਕ 1.6 mm ਕਾਪਰ ਵਾਇਰ ਦੀ ਵਰਤੋਂ ਕੀਤੀ ਜਾਵੇ। ਬਿਜਲੀ ਦੇ ਸਵਿੱਚ, ਸਾਕਿਟ ਆਦਿ ਸਮਾਨ ISI ਮਾਰਕਾ ਬਰਾਂਡ ਦੀ ਵਰਤੋਂ ਕੀਤੀ ਜਾਵੇ। ਕਲਾਸ ਰੂਮ ਵਿੱਚ 4 ਨੰਬਰ ਆਈ.ਐਸ.ਆਈ ਕੰਪਨੀ ਦੇ ਸੀਲਿੰਗ ਫੈਨ, 6 ਨੰਬਰ ਟਿਊਬ ਰਾਡ ਲਗਾਏ ਜਾਣ। ਦੇਸੀ/ ਲੋਕਲ ਮੇਡ ਪੱਖੇ/ਟਿਊਬਾਂ ਲਗਾਉਣ ਦੀ ਇਜ਼ਾਜਤ ਨਹੀਂ ਹੈ।

**27. ਕੰਮ ਦੀ ਗੁਣਵੰਤਾ**

ਕੰਮ ਦੀ ਗੁਣਵੰਤਾ ਦਾ ਪੂਰਾ ਧਿਆਨ ਰਖਿਆ ਜਾਵੇ । ਸਮੇਂ-ਸਮੇਂ ਤੇ ਸਬੰਧਤ ਜਿਲ੍ਹੇ ਦੇ ਜੇ.ਈ. ਦੀ ਮਦਦ ਲਈ ਜਾਵੇ। ਸਾਰਾ ਕੰਮ ਦਿੱਤੀਆਂ ਗਈਆਂ ਹਦਾਇਤਾਂ ਅਤੇ ਡਰਾਇੰਗਾਂ ਦੇ ਅਨੁਸਾਰ ਹੀ ਕੀਤਾ ਜਾਵੇ। ਕੰਮ ਮੁਕੰਮਲ ਹੋਣ ਉਪਰੰਤ ਜੇ.ਈ. ਸਿਵਲ ਵਰਕਸ ਪਾਸੋਂ ਚੈਕ ਕਰਵਾ ਕੇ ਵਰਤੋਂ ਸਰਟੀਫਿਕੇਟ ਨਿਸ਼ਚਿਤ ਸਮੇਂ ਅੰਦਰ ਸਬੰਧਤ ਦਫਤਰ ਨੂੰ ਭੇਜਿਆ ਜਾਵੇ।

**28. ਫਰਨੀਚਰ ਦੀਆਂ ਸਪੈਸੀਫਿਕੇਸ਼ਨਾਂ**

| ਲੜੀ ਨੰ. | ਮੱਦ ਦਾ ਨਾਮ | ਆਈਟਮਾਂ | ਗਿਣਤੀ | ਸਪੈਸੀਫਿਕੇਸ਼ਨ |
|---|---|---|---|---|
| 1 | ਕਲਾਸ ਰੂਮ | ਡਿਊਲ ਡੈਸਕ | ੩੦ | Dual desk-cum-bench made of 16 gauge 25 mm square (Tata Steel or equivalent brand) powder coated ERW tubes comprising desk of height 30", seat height 18", with desk top size 36" X 12", seat top 36" X 9", made of exterior grade both sides pre laminated board (Action Tesa/Green lam or equivalent) 18 mm thick, fitted in MS angle of size 25mm X 25mm X 3mm . To fit in the desk top board properly two 12" X 4mm MS pattis be fixed alongside the width of top at equal distance and two 2" X 4mm MS pattis be fixed at opposite side. And to fix the seat top board two 9"X 4mm MS pattis be fixed alongside the width of the seat at equal distance and two 2" X 4mm MS pattis be fixed at opposite sides. The side of vertical frames shall have hooks on either side made of 6mm dia MS rod for hanging bag. All MS pipes/frames to be expoxy powder coated. The stove and all welded parts should be grained and smooth to remove the extra welded material remained at the time of welding. |
| | | ਟੀਚਰ ਟੇਬਲ | ੦੧ | Teacher table Size 4'-0"x2'-6"x2'-6" with frame made of 16 gauge 25mm MS(Tata Steel or equivalent brand). Top made of 18mm exterior grade both sides pre laminated board (Action Tesa/Green lam or equivalent)having matching PVC beading on all sides. All MS parts shall be expoxy powder coated. The stove and all welded parts should be grained and smooth to remove the extra welded material remained at the time of welding. |
| | | ਟੀਚਰ | ੦੧ | Teacher chairs with continuous arms having frame made of 14 gauges 25mm square ERW tube (Tata |

Scanned with CamScanner

| | | | | |
|---|---|---|---|---|
| | | ਚੇਅਰ | | Steel or equivalent brand). Seat, back &arms should have high density polyurethane foam of density 50-55 kg/m3 and hardness of 20 +2 kg. Cushioned cloth/rex ineupholstery over 12mm hot pressed plywood (ISI Marked) and should be duly tightened with steel screws and MS supports. All MS pipes/Frames to be expoxy powder coated. The stove and all welded parts should be grained and smooth to remove the extra welded material remained at the time of welding. |
| | | ਰਾਈਟਿੰਗ ਬੋਰਡ | 1 (ਗਰੀਨ) | Green writing board of size 6'-0"x4'-0" made ceramic steel gloss sheet pasted on MDF ISI Mark Board and 2.5 min. thick GI sheet (ISI Marked) pasted on back side of MDF Board enclosed in aluminum beading 20x16x2.5 mm thick channel with hanging works. |
| 2 | Projector, CPU, Speaker, White writing writing board (warranty 3 years including everything hardware, software, lamp) | ਪ੍ਰੋਜੈਕਟਰ | 1 | Brightness-3500 lumens, lamp life-5000 hrs, Resolution-1024x768 |
| | | ਸੀ.ਪੀ.ਯੂ | 1 | 3.1 GHZ, 4 MB Cache, 2 core, RAM 4 GB, HDD-1 TB |
| | | ਸਪੀਕਰ | 1 | 2.1 speaker 40 watt |
| | | ਵਾਈਟ ਰਾਈਟਿੰਗ ਬੋਰਡ | 1 | White writing board of size 6'-0"x4'-0" made ceramic steel gloss sheet pasted on MDF ISI Mark Board and 2.5 min. thick GI sheet (ISI Marked) pasted on back side of MDF Board enclosed in aluminum beading 20x16x2.5 mm thick channel with hanging works. |

01 ਲੈਕਚਰ ਸਟੈਂਡ

***ਨੋਟ:***

(ੳ) ਨਵੇਂ ਕਮਰਿਆਂ ਦੀ ਉਸਾਰੀ ਸਮੇਂ ਸਕੂਲ ਵਿੱਚ ਮੌਜੂਦਾ ਇਮਾਰਤ ਦੀ ਸਮਿਟਰੀ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਡਬਲ ਸਟੋਰੀ ਦੀ ਪ੍ਰੋਵੀਜ਼ਨ ਰੱਖੀ ਜਾਵੇ। ਜੇਕਰ ਪਮਾਇਸ਼ਾਂ ਵਿੱਚ ਮਾਮੂਲੀ ਵਾਧਾ ਘਾਟਾ ਲੋੜ ਮੁਤਾਬਕ ਕਰਨਾ ਪਵੇ ਤਾਂ ਜਿਲ੍ਹਾਂ ਉਪ ਮੰਡਲ ਇੰਜੀਨੀਅਰ ਸਿਵਲ ਵਰਕਸ ਦੀ ਅਗਵਾਈ /ਹਦਾਇਤਾਂ ਅਨੁਸਾਰ ਕੀਤਾ ਜਾ ਸਕਦਾ ਹੈ ਪਰ ਪਲਿੰਥ ਏਰੀਆ ਵਿੱਚ ਬਹੁਤਾ ਅੰਤਰ ਨਹੀ ਆਉਣਾ ਚਾਹੀਦਾ। ਜੇਕਰ ਗਰਾਂਊਂਡ ਲੈਵਲ ਤੇ ਉਸਾਰੀ ਲਈ ਲੋੜੀਂਦੀ ਜਗ੍ਹਾਂ ਉਪਲਬਧ ਨਾ ਹੋਵੇ ਤਾਂ ਅਜਿਹੀ ਉਸਾਰੀ ਤੋਂ ਪਹਿਲਾ ਜਿਲ੍ਹਾ ਉਪ ਮੰਡਲ ਇੰਜੀਨੀਅਰ ਦੀ ਇਨਸਪੈਕਸ਼ਨ ਕਰਵਾ ਕੇ ਅਗਵਾਈ ਲੈ ਲਈ ਜਾਵੇ ਅਤੇ ਤਕਨੀਕੀ ਜਾਂਚ ਦੇ ਅਧਾਰ ਤੇ ਇਹ ਉਸਾਰੀ ਪਹਿਲੀ ਮੰਜਿਲ ਤੇ ਵੀ ਕੀਤੀ ਜਾ ਸਕਦੀ ਹੈ।

(ਅ) ਉਸਾਰੀ ਲਈ ਸਾਈਟ ਸਲੈਕਟ ਕਰਨ ਸਮੇਂ Orientation (ਰੋਸ਼ਨੀ ਅਤੇ ਹਵਾ) ਦਾ ਉਚਿਤ ਧਿਆਨ ਰੱਖਿਆ ਜਾਵੇ। ਇਹ ਉਸਾਰੀ Kitchen Shed ਦੇ ਨੇੜੇ ਜਾਂ ਨਾਲ ਜੋੜ ਕੇ ਨਾ ਕੀਤੀਆਂ ਜਾਣ। ਭਵਿੱਖ ਵਿੱਚ ਕੀਤੀ ਜਾਣ ਵਾਲੀ ਉਸਾਰੀ ਨੂੰ ਹੀ ਮੱਦੇ ਨਜ਼ਰ ਰੱਖਿਆ ਜਾਵੇ।

(ੲ) ਨਵੀਂ ਉਸਾਰੀ ਸਮੇਂ ਉੱਤਮ ਦਰਜੇ (ISI mark) ਦਾ ਸਮਾਨ ਲਗਾਉਣਾ ਲਾਜ਼ਮੀ ਹੈ।

(ਸ) ਜਿੱਥੇ ਤੱਕ ਸੰਭਵ ਹੋ ਸਕੇ ਵਾਧੂ ਕਮਰੇ ਦੀ ਉਸਾਰੀ ਮੌਜੂਦਾ ਬਿਲਡਿੰਗ ਦੇ ਨਾਲ ਹੀ ਕਰਨੀ ਜਰੂਰੀ ਹੈ ਤਾਂ ਜੋ ਜਗ੍ਹਾ ਦਾ ਉਚਿਤ ਇਸਤੇਮਾਲ ਹੋ ਸਕੇ।

(ਹ) ਉਸਾਰੀ ਦਾ ਕੰਮ ਨਕਸ਼ੇ ਅਤੇ ਸਪੈਸੀਫਿਕੇਸ਼ਨ ਨੂੰ ਮੁਖ ਰੱਖ ਕੇ ਹੀ ਕੀਤਾ ਜਾਵੇ। ਘਟੀਆ ਕੰਮ ਕਰਨ ਵਾਲੇ ਸਕੱਤਰ ਦੀ ਨਿੱਜੀ ਜਿੰਮੇਵਾਰੀ ਫਿਕਸ ਕਰਦੇ ਹੋਏ ਅਨੁਸ਼ਾਸ਼ਨੀ ਕਾਰਵਾਈ ਵੀ ਕੀਤੀ ਜਾਵੇਗੀ।

(ਕ) ਜਾਰੀ ਕੀਤੀ ਰਾਸ਼ੀ ਦੀ ਵਰਤੋ ਸਰਟੀਫਿਕੇਟ ਸਟੇਟ ਆਫਿਸ ਵਿਖੇ ਭੇਜਣਾ ਜਰੂਰੀ ਹੈ।

Scanned with CamScanner